# King County ਟੀਕਾ ਤਸਦੀਕੀਕਰਣ ਦੇ ਆਦੇਸ਼ ਸਬੰਧੀ ਟੂਲਕਿੱਟ

## (ਅੰਗਰੇਜੀ ਸੰਸਕਰਣ)

ਸਿਆਟਲ Seattle Metropolitan Chamber of Commerce (ਮੈਟਰੋਪੋਲੀਟਨ ਚੈਂਬਰ ਆਫ ਕਾਮਰਸ) ਦੁਆਰਾ ਤਿਆਰ ਕੀਤੀ ਗਈ ਸਮੱਗਰੀ

# ਸਮੱਗਰੀ ਸੂਚੀ ਅਤੇ ਨਿਯੋਜਕ ਵੱਲੋਂ ਲਾਗਕਰਨ ਵਾਲੀ ਚੈੱਕਲਿਸਟ

1. ਨਿਯਮਾਂ ਬਾਰੇ ਜਾਣੋ
2. ਟੀਕਾਕਰਣ ਅਤੇ ਟੈਸਟਿੰਗ ਲਈ ਪ੍ਰਵਾਨਤ ਸਬੂਤ
3. Aਇੱਕਲਾਗੂ ਕਰਨ ਲਈ ਯੋਜਨਾ ਤਿਆਰ ਕਰੋ
4. ਕਰਮਚਾਰੀਆਂ ਅਤੇ ਗਾਹਕਾਂ ਨਾਲ ਗੱਲਬਾਤ
5. ਰੂਪਰੇਖਾ
6. ਸੰਕੇਤਕ
7. ਸਰੋਤਾਂ ਤੱਕ ਪਹੁੰਚ
8. ਅਕਸਰ ਪੁੱਛੇ ਜਾਂਦੇ ਸਵਾਲ



# ਨਿਯਮਾਂ ਬਾਰੇ ਜਾਣੋ

ਇੱਥੇ ਕਲਿੱਕ ਕਰਕੇ ਦਫ਼ਤਰੀ King County Health Order (ਕਿੰਗ ਕਾਉਂਟੀ ਦੇ ਸਿਹਤ ਆਦੇਸ਼) ਬਾਰੇ ਪੜ੍ਹੋ । ਆਦੇਸ਼ ਸਿਰਫ ਅੰਗਰੇਜੀ ਵਿੱਚ ਹੈ ਸਾਰ ਹੇਠਾਂ ਦਿੱਤਾ ਗਿਆ ਹੈ।

ਨਿਯੋਜਕਾਂ ਨੂੰ ਇਸ ਗੱਲ ਦੀ ਜਰੂਰ ਤਸਦੀਕ ਕਰ ਲੈਣੀ ਚਾਹੀਦਾ ਹੈ ਕਿ ਕੁਝ ਜਨਤਕ ਸਮਾਗਮਾਂ ਅਤੇ ਅਦਾਰਿਆਂ ਦੇ ਸਹਾਇਕ ਪੂਰੇ ਟੀਕਾਕਰਣ ਦਾ ਜਾਂ ਵਿਕਲਪਕ ਤੌਰ ’ਤੇ, ਇੱਕ ਨਕਾਰਾਤਮਕ ਕੋਵਿਡ-19 ਟੈਸਟ ਲਈ ਤਸਦੀਕੀਕਰਣ ਪ੍ਰਦਾਨ ਕਰਦੇ ਹਨ।

## ਇਹ ਕਦੋਂ ਸ਼ੁਰੂ ਹੋਵੇਗਾ:

25 ਅਕਤੂਬਰ, 2021. 12 ਲੋਕਾਂ ਤੋਂ ਘੱਟ ਦੇ ਬੈਠਣ ਦੀ ਸਮਰੱਥਾ ਵਾਲੇ ਇਨਡੋਰ ਰੈਸਟੋਰੈਂਟਾਂ, ਬਾਰਾਂ ਅਤੇ ਸ਼ਰਾਬਖਾਨਿਆ ਦੀ ਵਾਰੀ 6 ਦਸੰਬਰ, 2021 ਨੂੰ ਸ਼ੁਰੂ ਹੋਵੇਗੀ।

## ਇਸ ਲਈ ਕੌਣ ਅਰਜੀ ਦੇ ਸਕਦੇ ਹਨ:

12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ। ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਾਰੋਬਾਰ ਟੀਕਾਕਰਣ ਦੇ ਸਬੂਤ ਦੀ ਨਸਲ, ਰਾਸ਼ਟਰੀ ਮੂਲ, ਧਰਮ, ਯੌਨ ਆਕਰਸ਼ਣ, ਲਿੰਗ, ਅਪਾਹਜਤਾ ਜਾਂ ਉਮਰ ਦੇ ਅਧਾਰ’ ਤੇ ਬਾਰੀਕਾ ਨਾਲ ਜਾਂਚ ਨਹੀਂ ਕਰ ਸਕਦੇ।

## ਇਹ ਕਦੋਂ ਖ਼ਤਮ ਹੋਵੇਗਾ:

ਪੂਰੇ ਆਰਡਰ ਦੇ ਸਥਾਈ ਹੋਣ ਦੀ ਉਮੀਦ ਨਹੀਂ ਹੈ। ਛੇ ਮਹੀਨੇ ਤੋਂ ਪਹਿਲਾਂ ਨਹੀਂ 25 ਅਕਤੂਬਰ, 2021 ਤੋਂ, ਇਸ ਨੀਤੀ ਦੀ ਭਵਿੱਖ ਦੀਆਂ ਪ੍ਰਕੋਪ ਦੀਆਂ ਸਥਿਤੀਆਂ ਦੇ ਅਧਾਰ ਤੇ ਸੰਭਾਵਤ ਵਾਧੇ ਲਈ ਸਮੀਖਿਆ ਕੀਤੀ ਜਾਵੇਗੀ।

## ਇਹ ਕਿੱਥੇ ਲਾਗੂ ਹੋਵੇਗਾ:

- ਇਨਡੋਰ ਰੈਸਟੋਰੈਂਟਾਂ ਅਤੇ ਬਾਰਾਂ ਤੋਂ ਇਲਾਵਾ ਵਾਈਨ, ਬੀਅਰ ਅਤੇ ਸਪੀਰਟ ਟੇਸਟਿੰਗ ਰੂਮਾਂ ’ਤੇ
- ਕਲਾ ਤੇ ਮਨੋਰੰਜਨ ਦੇ ਸਥਾਨਾਂ ’ਤੇ
- ਜਿੰਮਾਂ ਸਮੇਤ ਫਿਟਨੈਸ ਸਟੂਡੀਓ ਦੇ ਸਥਾਨਾਂ ’ਤੇ ਜਿਵੇਂ ਕਿ ਯੋਗਾ, ਡਾਂਸ, ਅਤੇ ਮਾਰਸ਼ਲ ਆਰਟ 500 ਤੋਂ ਵੱਧ ਲੋਕਾਂ ਲਈ ਆਉਟਡੋਰ
- ਸਮਾਗਮ ਜਿਸ ਵਿੱਚ ਖੇਡਾ ਸਮਾਰੋਹ ਅਤੇ ਸੰਗੀਤ ਅਤੇ ਪ੍ਰਦਰਸ਼ਨ ਦੇ ਸਥਾਨ ਵੀ ਸ਼ਾਮਲ ਹਨ
- ਨਿੱਜੀ ਇਕੱਠਾਂ ਲਈ ਕਿਰਾਏ ਦੀਆਂ ਇਨਡੋਰ ਸਮਾਗਮ ਦੇ ਸਥਾਨ, ਜਿਵੇਂ ਕਿ ਵਿਆਹ ਅਤੇ ਪਾਰਟੀਆਂ ਜਿਹੜੀਆਂ ਕਿਸੇ ਕਾਰੋਬਾਰ ਅਧੀਨ ਆਯੋਜਿਤ ਕੀਤੀਆਂ ਜਾਂਦੀਆਂ ਹਨ ਅਤੇ ਜਿਹੜੇ ਇਸ ਆਦੇਸ਼ ਦੇ ਅਧੀਨ ਆਉਂਦੇ ਹਨ ਜਿਵੇਂ ਕਿ ਇੱਕ ਰੈਸਟੋਰੈਂਟ, ਸੰਗੀਤ ਸਥਾਨ, ਜਾਂ ਮਨੋਰੰਜਨ ਸਥਾਨ
- ਬੋਲਿੰਗ ਐਲੀਜ਼

# ਕਿਹੜੀਆਂ ਸਥਾਨਾਂ ਲਈ ਟੀਕਾਕਰਣ ਦੇ ਜਾਂ ਨਕਰਾਤਮਕ ਟੈਸਟ ਦੇ ਸਬੂਤ ਦੀ ਲੋੜ ਹੁੰਦੀ ਹੈ?

| ਜਰੂਰੀ ਸਥਾਨ(ਇਹ ਇੱਕ ਮੁਕੰਮਲ ਸੂਚੀ ਨਹੀਂ ਹੈ) | ਜਰੂਰੀ | ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ, ਪਰ ਜਰੂਰੀ ਨਹੀਂ ਹਨ | ਜਰੂਰੀ ਨਹੀਂ ਹਨ |
|---|---|---|---|
| ਇਨਡੋਰ ਖਾਣ ਵਾਲੇ ਸਥਾਨ ਬਾਰ ਅਤੇ ਰੈਂਸਟੋਰੈਂਟ ਲਈ | X | | |
| ਮੂਵੀ ਥੀਏਟਰ, ਜਿਮ ਅਤੇ ਇਨਡੋਰ ਫਿਟਨੈਸ ਦੇ ਸਥਾਨ, ਇਨਡੋਰ ਕਲਾ ਪ੍ਰਦਰਸ਼ ਦੇ ਸਥਾਨ, ਇਨਡੋਰ ਸੰਮੇਲਨ ਜਾਂ ਕਾਨਫਰੰਸਾਂ ਲਈ | X | | |
| ਇਨਡੋਰ ਮਨੋਰੰਜਨ ਸਥਾਨ (ਜਿਵੇਂ ਕਿ ਬੋਲਿੰਗ ਐਲੀਜ਼, ਮਨੋਰੰਜਨ ਖੇਡ ਕੇਂਦਰ, ਇਨਡੋਰ ਸੋਕਰ ਮੈਦਾਨ, ਆਦਿ) ਲਈ | X | | |
| 500+ ਲੋਕਾਂ ਵਾਲੇ ਆਊਟਡੋਰ ਖੇਡ ਅਤੇ ਮਨੋਰੰਜਨ ਸਮਾਗਮਾਂ ਲਈ | X | | |
| ਕਿਸੇ ਨਿੱਜੀ ਸਮਾਗਮਾਂ, ਵਿਆਹਾਂ, ਅਤੇ ਕਿਸੇ ਕਾਰੋਬਾਰੀ ਸਥਾਨਾਂ 'ਤੇ ਆਯੋਜਿਤ ਪਾਰਟੀਆਂ (ਜਿਵੇਂ ਵਿਆਹ ਸਥਾਨ, ਰੈਸਟੋਰੈਂਟ, ਜਾਂ ਸੰਗੀਤ ਸਥਾਨ) ਲਈ | X | | |
| ਕਿਸੇ ਨਿੱਜੀ ਘਰ ਜਾਂ ਵਿਸ਼ਵਾਸ ਸੰਸਥਾ ਵਿੱਚ ਆਯੋਜਿਤ ਕੀਤੇ ਜਾਂਦੇ ਨਿੱਜੀ ਸਮਾਗਮਾਂ, ਵਿਆਹਾਂ ਅਤੇ ਪਾਰਟੀਆਂ ਲਈ | | | X |
| ਬਾਹਰ ਖਾਣ ਵਾਲੀਆਂ ਥਾਵਾਂ, ਟੇਕ ਆਉਟ ਜਾਂ ਫੂਡ ਕੋਰਟ ਲਈ | | | X |
| ਕਰਮਚਾਰੀ ਜਾਂ ਸਕੂਲ ਕੈਫੇਟੇਰੀਆਜ਼, ਮਿਡਲ ਸਕੂਲ ਅਤੇ ਹਾਈ ਸਕੂਲ ਖੇਡ ਸਮਾਗਮਾਂ ਲਈ | | | X |
| ਵਿਸ਼ਵਾਸ ਸੰਸਥਾਵਾਂ ਲਈ | | X | |
| ਪ੍ਰਚੂਨ ਦੁਕਾਨਾਂ ਲਈ | | X | |
| ਬਾਹਰ ਸੜਕਾਂ ਤੇ ਲੱਗਣ ਵਾਲੇ ਮੇਲੇ, ਰਾਤ ਦੀਆਂ ਮਰਕੀਟਾਂ, ਕਿਸਾਨ ਮਾਰਕੀਟਾਂ ਲਈ | | | X |

# ਛੋਟ

- ਐਲੀਮੈਂਟਰੀ, ਮਿਡਲ ਸਕੂਲ, ਅਤੇ ਹਾਈ ਸਕੂਲ ਦੀ ਉਮਰ ਦੇ ਭਾਗੀਦਾਰਾਂ, ਅਤੇ ਇਹਨਾਂ ਸਮਾਗਮਾਂ ਦੇ ਦਰਸ਼ਕਾਂ ਲਈ ਆਊਟਡੋਰ ਜਾਂ ਇਨਡੋਰ ਨੌਜਵਾਨਾਂ ਦੇ ਖੇਡ ਸਮਾਗਮਾਂ ਲਈ
- ਬਾਹਰ ਖਾਣ ਵਾਲੇ ਸਥਾਨਾਂ ਲਈ
- ਰੈਸਟੋਰੈਂਟਾਂ, ਸ਼ਰਾਬਖਾਨਿਆ ਅਤੇ ਬਾਰਾਂ ਤੋਂ ਬਾਹਰ ਸਮਾਨ ਲੈਕੇ ਜਾਣਾ ਜਿਸ ਵਿੱਚ ਕੈਫੇ, ਡੈਲੀਜ਼, ਕੌਫੀ ਸ਼ਾਪਾਂ ਵੀ ਸ਼ਾਮਲ ਹਨ ਲਈ
- ਉਹਨਾਂ ਇਮਾਰਤਾਂ ਦੇ ਅੰਦਰ ਖਾਣਾ ਜੋ ਮੁੱਖ ਤੌਰ 'ਤੇ ਖਾਣ ਦੇ ਉਦੇਸ਼ਾਂ ਲਈ ਕੰਮ ਨਹੀਂ ਕਰਦੇ ਹਨ, ਜਿਵੇਂ ਕਿ ਹਵਾਈ ਅੱਡਿਆਂ, ਮਾਲ ਫੂਡ ਕੋਰਟਸ ਅਤੇ ਸਕੂਲ ਦੇ ਕੈਫੇਟੇਰੀਆਜ਼ ਲਈ
- ਅੰਤਿਮ-ਸੰਸਕਾਰ ਲਈ
- [ਵਿਆਹ, ਉਪਰੋਕਤ ਕਿਸੇ ਵੀ ਜਨਤਕ ਇਨਡੋਰ ਸਥਾਨਾਂ ਵਿੱਚ ਹੋਣ ਵਾਲੇ ਵਿਆਹਾਂ ਨੂੰ ਛੱਡ ਕੇ। ਪਰ, ਟੀਕਾਕਰਣ ਦੇ ਸਬੂਤ ਜਾਂ ਨਕਾਰਾਤਮਕ ਕੋਵਿਡ-19 ਟੈਸਟ ਦੇ ਦਸਤਾਵੇਜ਼ਾਂ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ।
- ਉਪਰੋਕਤ ਜਨਤਕ ਇਨਡੋਰ ਸਥਾਨਾਂ 'ਤੇ ਹੋਣ ਵਾਲੇ ਸਮਾਗਮਾਂ ਨੂੰ ਛੱਡ ਕੇ, ਵਿਸ਼ਵਾਸ ਅਧਾਰਤ ਇਕੱਠਾਂ ਲਈ। ਪਰ, ਟੀਕਾਕਰਣ ਦੇ ਸਬੂਤ ਜਾਂ ਨਕਾਰਾਤਮਕ ਕੋਵਿਡ-19 ਟੈਸਟ ਦੇ ਦਸਤਾਵੇਜ਼ਾਂ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ। King County ਚੋਣਾਂ ਦੁਆਰਾ ਮਨਜ਼ੂਰ ਕਿਸੇ ਵੀ ਸਥਾਨ 'ਤੇ ਆਯੋਜਿਤ ਹੋਣ ਵਾਲੇ ਵੋਟ ਕੇਂਦਰਾਂ ਲਈ।
-

# ਮੁਕੰਮਲ ਟੀਕਾਕਰਣ

*"ਮੁਕੰਮਲ ਟੀਕਾਕਰਣ" ਦਾ ਅਰਥ:*

- *ਜਿਹੜੇ ਲੋਕਾਂ ਨੇ Food and Drug Administration (FDA, ਐਫਡੀਏ) ਤੋਂ ਅਧਿਕਾਰਤ (Moderna ਜਾਂ Pfizer-BioNTech ਟੀਕੇ ਦੀਆਂ ਦੋਨੋ ਖੁਰਾਕਾਂ, ਜਾਂ Johnson & Johnson ਟੀਕੇ ਦੀ ਇੱਕ ਖੁਰਕ) ਲੋੜੀਦੀਆਂ ਕੋਵਿਡ-19 ਟੀਕੇ ਦੀਆਂ ਖੁਰਾਕਾਂ ਲੈ ਲਈਆਂ ਹਨ।*
- *World Health Organization (WHO, ਡਬਲਯੂਐਚਓ) ਦੁਆਰਾ ਅਧਿਕਾਰਤ ਕੋਵਿਡ-19 ਟੀਕਾ ਲੜੀ ਦੀ ਅੰਤਮ ਖੁਰਾਕ ਲੈਣ ਤੋਂ ਬਾਅਦ 14 ਦਿਨ ਬੀਤ ਗਏ ਹੋਣ*



# ਟੀਕੇ ਦੇ ਪ੍ਰਵਾਨਤ ਸਬੂਤ

KC VAX VERIFIED

Public Health
Seattle & King County

# ਟੀਕੇ ਦੇ ਪ੍ਰਵਾਨਤ ਸਬੂਤ




ਟੀਕਾਕਰਣ ਕਾਰਡ ਦੀ ਫੋਟੋ




ਟੀਕਾਕਰਣ ਕਾਰਡ




ਟੀਕਾ ਪ੍ਰਦਾਤਾ ਜਾਂ MyIRmobile.com ਵੱਲੋਂ ਪ੍ਰਿੰਟ ਕੀਤਾ ਗਿਆ ਰਿਕਾਰਡ




MyIRMobile.com ਜਾਂ ਕਿਸੇ ਹੋਰ ਐਪ ਤੋਂ ਪ੍ਰਾਪਤ ਰਿਕਾਰਡ



# ਨਕਰਾਤਮਕ ਟੈਸਟ ਨਤੀਜੇ ਦੇ ਪ੍ਰਵਾਨਤ ਸਬੂਤ

# ਨਕਰਾਤਮਕ ਟੈਸਟ ਨਤੀਜੇ ਦੇ ਪ੍ਰਵਾਨਤ ਸਬੂਤ

- ਵੱਲੋਂ ਪ੍ਰਿੰਟ ਜਾਂ ਡਿਜੀਟਲ ਦਸਤਾਵੇਜ਼: ਫਾਰਮੇਸੀ ਵੱਲੋਂ
    - ਲੈਬੋਰਟਰੀ ਟੈਸਟ
    - ਕਰਨ ਵਾਲੇ ਪ੍ਰਦਾਤਾ
    - ਵੱਲੋਂ
- ਪਿਛਲੇ 72 ਘੰਟਿਆਂ ਦੇ ਅੰਦਰ FDA ਦੁਆਰਾ ਪ੍ਰਵਾਨਤ PCR ਦੁਆਰਾ ਟੈਸਟ ਕੀਤਾ ਗਿਆ ਹੋਵੇ
- ਸਮਾਗਮਾਂ ਵਾਲੇ ਸਥਾਨਾਂ 'ਤੇ ਇੱਕ ਟੈਸਟ ਕਰਨ ਵਾਲੇ ਪ੍ਰਦਾਤਾ ਦੁਆਰਾ FDA ਤੋਂ ਪ੍ਰਵਾਨਤ ਰੈਪਿਡ ਟੈਸਟ ਕੀਤਾ ਗਿਆ ਹੋਵੇ।




**ਪਿਛਲੇ 72 ਘੰਟਿਆਂ ਵਿੱਚ ਲਿਆ ਗਿਆ ਨਕਰਾਤਮਕ ਕੋਵਿਡ ਟੈਸਟ**



# ਇੱਕ ਲਾਗੂ-ਕਰਨ ਦੀ ਯੋਜਨਾ ਬਣਾਉ

ਹਰੇਕ ਕਾਰੋਬਾਰ ਵੱਖਰੇ ਢੰਗ ਨਾਲ ਕੰਮ ਕਰਦਾ ਹੈ, ਪਰ ਇਸ ਨਵੀਂ ਨੀਤੀ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਅੱਗੇ ਦੀ ਯੋਜਨਾ ਬਣਾਉਣੀ ਜ਼ਰੂਰੀ ਹੈ।

- [ ] ਸਟਾਫ ਮੀਟਿੰਗਾਂ ਅਤੇ ਕਿਸੇ ਵੀ ਲੋੜੀਂਦੀ ਸਿਖਲਾਈ ਲਈ ਤਾਰੀਖਾਂ ਅਤੇ ਸਮੇਂ ਦੀ ਚੋਣ ਕਰੋ।
- [ ] ਟੰਗੇ ਹੋਏ ਸੰਕੇਤਕ ਗਾਹਕਾਂ ਨੂੰ ਦਿਖਾਉਂਦੇ ਹਨ ਕਿ ਤੁਹਾਡਾ ਕਾਰੋਬਾਰ King County ਦੇ ਆਦੇਸ਼ ਦੀ ਪਾਲਣਾ ਕਰ ਰਿਹਾ ਹੈ।
- [ ] ਕਰਮਚਾਰੀਆਂ ਲਈ ਸਹਾਇਕਾਂ ਨੂੰ ਤਸਦੀਕੀਕਰਣ ਲਈ ਪੁੱਛਣ ਦਾ ਸਭ ਤੋਂ ਢੁਕਵਾਂ ਸਮਾਂ ਕਿਹੜਾ ਹੈ ਇਹ ਜਾਣਨ ਲਈ ਸਟਾਫ ਦੀ ਚੋਣ ਕਰੋ ਅਤੇ ਗੱਲਬਾਤ ਕਰੋ।
- [ ] ਜੇ ਸਥਾਨ ਰੈਪਿਡ ਟੈਸਟਿੰਗ ਪ੍ਰਦਾਨ ਕਰ ਰਿਹਾ ਹੈ, ਤਾਂ ਇੱਕ ਪ੍ਰਕਿਰਿਆ ਦੀ ਰੂਪ ਰੇਖਾ ਬਣਾਉ ਅਤੇ ਕਰਮਚਾਰੀਆਂ ਨਾਲ ਉਸ ਪ੍ਰਕਿਰਿਆ ਸਬੰਧੀ ਗੱਲਬਾਤ ਕਰੋ
- [ ] ਕਰਮਚਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਸਿਖਲਾਈ ਕਰਾਓ ਕਿ ਉਹ ਟੀਕਾਕਰਣ, ਕੋਵਿਡ-19 ਟੈਸਟਾਂ ਅਤੇ ਵਿਤਕਰਾ ਵਿਰੋਧੀ ਨੀਤੀਆਂ ਦੇ ਪ੍ਰਮਾਣਿਕ ਸਬੂਤਾਂ ਤੋਂ ਜਾਣੂ ਹੋ ਜਾਣ।
- [ ] ਕਰਮਚਾਰੀਆਂ ਨਾਲ ਸੰਭਾਵਤ ਰੂਪਰੇਖਾ ਬਾਰੇ ਗੱਲ ਕਰੋ ("ਰੂਪਰੇਖਾ" ਵਾਲੇ ਭਾਗ ਵਿੱਚ ਤਰਕੀਬਾਂ ਨੂੰ ਵੇਖੋ)।







# ਕਰਮਚਾਰੀਆਂ ਨਾਲ ਗੱਲਬਾਤ ਕਰਨਾ

# ਕਰਮਚਾਰੀਆਂ ਨੂੰ ਸਿਖਲਾਈ

- ਨੀਤੀ ਵਿੱਚ ਤਬਦੀਲੀ ਦੇ ਕਾਰਨਾਂ ਨੂੰ ਸਾਂਝਾ ਕਰਨ ਅਤੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਇੱਕ ਟੀਮ ਦੀ ਮੀਟਿੰਗ ਸੱਦੋ।

- ਲਾਗੂ ਕਰਨ ਦੀ ਯੋਜਨਾ ਅਤੇ ਸਰੋਤਾਂ ਨੂੰ ਸਾਂਝਾ ਕਰਨ ਵਾਲੇ ਸਾਰੇ ਟੀਮ ਮੈਂਬਰਾਂ ਨੂੰ ਇੱਕ ਲਿਖਤੀ ਸੰਦੇਸ਼ ਭੇਜੋ।

- King County ਦੇ ਆਦੇਸ਼ ਅਤੇ ਕਰਮਚਾਰੀ ਸਰੋਤ ਪੋਸਟਰ ਨੂੰ ਇੱਕ ਅਜਿਹੀ ਥਾਂ ਤੇ ਰੱਖੋ ਜਿੱਥੇ ਅਸਾਨੀ ਨਾਲ਼ ਦੇਖਿਆ ਜਾ ਸਕੇ।

- ਕਰਮਚਾਰੀਆਂ ਨੂੰ ਪ੍ਰਸ਼ਨ ਪੁੱਛਣ ਦੇ ਤਰੀਕਿਆਂ ਬਾਰੇ ਦੱਸੋ।

- King County ਕਈ ਭਾਸ਼ਾਵਾਂ ਵਿੱਚ ਸੰਕੇਤਕ ਪ੍ਰਦਾਨ ਕਰ ਰਹੀ ਹੈ ਜੋ ਗਾਹਕ/ਸਹਾਇਕ ਨਾਲ ਸੰਚਾਰ ਕਰਨ ਦੀ ਸਹੂਲਤ ਲਈ ਸਾਂਝੇ ਕੀਤੇ ਜਾ ਸਕਦੇ ਹਨ। ਹਰੇਕ ਕਰਮਚਾਰੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਸ਼ਾ ਵਿੱਚ ਬਹੁ-ਸਰੋਤ ਕਿੱਥੇ ਸਥਿੱਤ ਹਨ। ਹਵਾਲੇ ਲਈ ਹਰੇਕ ਭਾਸ਼ਾ ਵਿੱਚ ਇੱਕ ਨੂੰ ਉਪਲੱਬਧ ਰੱਖਣ 'ਤੇ ਵਿਚਾਰ ਕਰੋ।

KC Vax Verified Webinar

(ਕੇ.ਸੀ. ਵੈਕਸ ਦੁਆਰਾ ਤਸਦੀਕ ਹੋਇਆ ਵੈਬਿਨਾਰ)

*ਵੈਬਿਨਾਰ ਸਿਰਫ ਅੰਗਰੇਜ਼ੀ ਵਿੱਚ ਹੈ*



# ਗਾਹਕਾਂ ਨਾਲ ਗੱਲਬਾਤ ਕਰਨਾ

ਕਰਮਚਾਰੀਆਂ ਅਤੇ ਗਾਹਕਾਂ ਦੋਵਾਂ ਲਈ ਇਹ ਜਾਣਨਾ ਜਰੂਰੀ ਹੈ ਕਿ ਇਹ ਸੁਝਾਅ ਕਿਉਂ ਲਾਗੂ ਕੀਤੇ ਜਾ ਰਹੇ ਹਨ। ਇੱਥੇ ਕੁੱਝ ਸਿਫਾਰਸ਼ ਕੀਤੇ ਸੁਨੇਹੇ ਹਨ ਜਿਨ੍ਹਾਂ ਦੀ ਵਰਤੋਂ ਤੁਸੀਂ ਆਪਣੇ ਕਰਮਚਾਰੀਆਂ ਅਤੇ ਗਾਹਕਾਂ ਨਾਲ ਸਾਂਝੇ ਕਰਨ ਲਈ ਕਰ ਸਕਦੇ ਹੋ।

## ਕਿਉਂ

- ਇੱਕ ਕਾਰੋਬਾਰੀ ਭਾਈਚਾਰੇ ਦੇ ਤੌਰ 'ਤੇ ਜਿਹੜੇ ਸਾਡੇ ਵਿਕਾਸ ਅਤੇ ਸਫਲਤਾ ਨੂੰ ਯਕੀਨੀ ਬਣਾਉਂਦੇ ਹਨ ਅਸੀਂ ਉਹਨਾਂ ਕਾਰੋਬਾਰਾਂ ਨੂੰ ਖੁੱਲਾ ਰੱਖਣ ਅਤੇ ਉਨ੍ਹਾਂ ਦੇ ਕਰਮਚਾਰੀਆਂ, ਗਾਹਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਸੁਰੱਖਿਆ ਲਈ ਵਚਨਬੱਧ ਹਾਂ।
- ਕੋਵਿਡ-19 ਦੇ ਮਾਮਲਿਆਂ ਵਿੱਚ ਤਾਜ਼ਾ ਵਾਧੇ ਦੇ ਨਾਲ, King County ਨੇ ਸਾਡੇ ਭਾਈਚਾਰੇ ਦੀ ਸੁਰੱਖਿਆ ਲਈ ਇੱਕ ਆਦੇਸ਼ ਜਾਰੀ ਕੀਤਾ ਹੈ ਕਿ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਲਈ ਤਸਦੀਕੀਕਰਣ ਜਰੂਰੀ ਹੈ ਤਾਂ ਜੋ ਉਹ ਲੋਕ ਜਿਹਨਾਂ ਟੀਕਾ ਲਗਵਾ ਲਿਆ ਹੈ ਜਾਂ ਜਿਹਨਾਂ ਦਾ ਕੋਵਿਡ-19 ਟੈਸਟ ਨਕਾਰਾਤਮਕ ਹੈ ਜਨਤਕ ਸਮਾਗਮਾਂ ਅਤੇ ਸਥਾਨਾਂ ਵਿੱਚ ਜਾ ਸਕਦੇ ਹਨ।
- King County ਸਰਕਾਰ ਦੇ ਸਹਿਯੋਗ ਨਾਲ ਕਰਮਚਾਰੀਆਂ ਅਤੇ ਗਾਹਕਾਂ ਦੀ ਸੁਰੱਖਿਆ ਦੇ ਲਈ ਟੀਕੇ ਦੀ ਤਸਦੀਕ ਦੀ ਲੋੜ ਨੂੰ ਇੱਕ ਟੂਲ ਵਜੋਂ ਪੇਸ਼ ਕੀਤਾ ਹੈ।
- ਸਾਡੀ ਜ਼ਿੰਮੇਵਾਰੀ ਕਾਰੋਬਾਰਾਂ ਨੂੰ ਖੁੱਲ੍ਹਾ ਰੱਖਦੇ ਹੋਏ ਸਾਡੇ ਭਾਈਚਾਰੇ ਲਈ ਸੰਭਵ ਸੁਰੱਖਿਅਤ ਅਤੇ ਸਿਹਤਮੰਦ ਵਾਤਾਵਰਣ ਪ੍ਰਦਾਨ ਕਰਨਾ ਹੈ। ਵੈਕਸੀਨ ਤਸਦੀਕੀਕਰਣ ਹੀ ਸਭ ਤੋਂ ਵਧੀਆ ਟੂਲ ਹੈ ਜੋ ਸਾਨੂੰ ਵਰਤਣਾ ਚਾਹੀਦਾ ਹੈ।



# ਰੂਪਰੇਖਾ

King County ਦੀ ਵੈਕਸੀਨ ਤਸਦੀਕੀਕਰਣ ਦੀ ਲੋੜ ਦਾ ਮਤਲਬ ਹੈ ਕਿ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਕੋਵਿਡ-19 ਟੀਕਾਕਰਣ ਜਾਂ ਨਕਾਰਾਤਮਕ ਟੈਸਟ ਦਾ ਸਬੂਤ ਦਿਖਾਉਣਾ ਚਾਹੀਦਾ ਹੈ। ਭਾਵੇਂ, ਕਾਰੋਬਾਰ ਵੀ ਢੁਕਵੇਂ ਵਿਕਲਪ ਪੇਸ਼ ਕਰ ਸਕਦੇ ਹਨ। ਵਿਕਲਪਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਗਾਹਕਾਂ ਨੂੰ ਆਉਟਡੋਰ ਏਰੀਏ ਵਿੱਚ ਬਿਠਾਉਣਾ
- ਗਾਹਕਾਂ ਨੂੰ ਉਹਨਾਂ ਸਮਾਨ ਵਿਕਲਪਾ ਵਾਲੇ ਖੇਤਰਾਂ ਨਾਲ ਜੋੜਨਾ ਜੋ ਸਮਾਨ ਨੂੰ ਬਾਹਰ ਲੈਕੇ ਜਾਣ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ।
- ਆਉਟਡੋਰ ਜਿੰਮ ਖੇਤਰ ਪ੍ਰਦਾਨ ਕਰਨਾ
- ਗਾਹਕ ਨੂੰ ਵਰਚੁਅਲ ਸਰੋਤਾਂ ਬਾਰੇ ਜਾਣਕਾਰੀ ਦੇਣਾ

ਯਾਦ ਰੱਖੋ, ਕਾਰੋਬਾਰਾਂ ਨੂੰ ਕਿਸੇ ਦੀ ਅੰਪਗਤਾ 'ਤੇ ਸਵਾਲ ਨਹੀਂ ਉਠਾਉਣੇ ਚਾਹੀਦੇ ਅਤੇ ਨਾ ਹੀ ਉਹਨਾਂ ਨੂੰ ਗਾਹਕ ਦੁਆਰਾ ਦੱਸੀ ਗਈ ਛੋਟ ਦੀ ਵੈਧਤਾ ਦੀ ਜਾਂਚ ਕਰਨੀ ਚਾਹੀਦੀ ਹੈ। ਕਾਰੋਬਾਰਾਂ ਨੂੰ ਕਦੇ ਵੀ ਕਿਸੇ ਗਾਹਕ ਨਾਲ ਉਸਦੀ ਜਾਤ, ਰੰਗ, ਵੰਸ਼, ਰਾਸ਼ਟਰੀ ਮੂਲ, ਜਨਮ ਸਥਾਨ, ਲਿੰਗ, ਉਮਰ, ਧਰਮ, ਨਸਲ, ਅਪੰਗਤਾ, ਯੋਨ ਆਕਰਸ਼ਣ, ਲਿੰਗ ਪਛਾਣ, ਭਾਰ ਜਾਂ ਉਚਾਈ ਦੇ ਅਧਾਰ ’ਤੇ ਕਦੇ ਵੀ ਵੱਖਰੇ ਢੰਗ ਨਾਲ ਪੇਸ਼ ਨਹੀਂ ਆਉਣਾ ਚਾਹੀਦਾ।

ਕਾਰੋਬਾਰਾਂ ਨੂੰ ਕਦੇ ਵੀ ਕਿਸੇ ਅਜਿਹੇ ਲੜਾਕੂ ਜਾਂ ਹਿੰਸਕ ਗਾਹਕ ਨੂੰ ਸਰੀਰਕ ਰੂਪ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਜੋ ਸ਼ਰਤਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੋਵੇ। ਹੇਠਾਂ, ਕਾਰੋਬਾਰਾਂ ਨੂੰ ਸੰਭਾਵਤ ਪ੍ਰਤੀਕਿਰਿਆਵਾਂ ਦਾ ਅਨੁਮਾਨ ਲਗਾਉਣ ਵਿੱਚ ਮਦਦ ਕਰਨ ਲਈ ਰੂਪਰੇਖਾ ਪ੍ਰਾਪਤ ਹੋਵੇਗੀ।

- ਗਾਹਕ/ਸਹਾਇਕ ਕਹਿੰਦੇ ਹਨ ਕਿ ਉਹ ਪੁਰਾਣੀਆਂ ਸਿਹਤ ਸਬੰਧੀ ਬਿਮਾਰੀਆਂ ਜਾਂ ਅਪੰਗਤਾ ਦੇ ਕਾਰਨ ਟੀਕਾ ਪ੍ਰਾਪਤ ਨਹੀਂ ਕਰ ਸਕਦੇ
    - ਕਾਰੋਬਾਰ ਵਿਕਲਪ ਵਜੋਂ ਇੱਕ ਨਕਰਾਤਮਕ ਕੋਵਿਡ-19 ਟੈਸਟ ਦੀ ਮੰਗ ਕਰ ਸਕਦੇ ਹਨ। ਇਹ ਸਮਾਗਮ ਸਥਾਨਾਂ 'ਤੇ ਪ੍ਰਦਾਨ ਕੀਤਾ ਗਿਆ ਇੱਕ ਰੈਪਿਡ ਟੈਸਟ ਜਾਂ PCR ਟੈਸਟ ਹੋ ਸਕਦਾ ਹੈ। ਘਰ ਕੀਤੇ ਟੈਸਟ ਨਹੀਂ ਮੰਨੇ ਜਾਂਦੇ।
    - ਜੇ ਗਾਹਕ/ਸਹਾਇਕ ਕੋਲ ਕੋਵਿਡ-19 ਦਾ ਨਕਰਾਤਮਕ ਟੈਸਟ ਨਹੀਂ ਹੈ, ਜਾਂ ਕਿਸੇ ਨੇ ਮਨ੍ਹਾਂ ਕਰ ਦਿੱਤਾ ਹੈ, ਤਾਂ ਕਾਰੋਬਾਰ ਟੇਕਆਉਟ ਜਾਂ ਡਲਿਵਰੀ ਦੇ ਵਿਕਲਪ ਪੇਸ਼ ਕਰ ਸਕਦੇ ਹਨ, ਜੇ ਉਪਲੱਬਧ ਹੋਣ।

- ਗਾਹਕ/ਸਹਾਇਕ ਟੀਕਾ ਤਸਦੀਕੀਕਰਣ ਜਾਂ ਇੱਕ ਨਕਾਰਾਤਮਕ ਕੋਵਿਡ-19 ਟੈਸਟ ਪ੍ਰਦਾਨ ਕਰਨ ਦਾ ਵਿਰੋਧ ਕਰਦੇ ਹਨ
    - ਕਾਰੋਬਾਰ ਸਮਝਾ ਸਕਦੇ ਹਨ ਕਿ ਇਹ King County ਦਾ ਆਦੇਸ਼ ਹੈ ਅਤੇ ਸੰਸਥਾ ਬਿਨਾਂ ਜਾਂਚ ਦੇ ਇਨਡੋਰ ਸੇਵਾ ਪ੍ਰਦਾਨ ਨਹੀਂ ਕਰ ਸਕਦੇ।
    - ਕਾਰੋਬਾਰ ਬਾਹਰੀ ਵਿਕਲਪਾਂ ਜਾਂ ਟੇਕਆਉਟ ਵਰਗੇ ਵਿਕਲਪ ਪੇਸ਼ ਕਰ ਸਕਦੇ ਹਨ।
    - ਕਾਰੋਬਾਰਾਂ ਨੂੰ ਇਸ ਆਦੇਸ਼ ਨੂੰ ਲਾਗੂ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਉਹ ਗਾਹਕ ਦੇ ਵਿਵਹਾਰ ਲਈ ਜਵਾਬਦੇਹ ਨਹੀਂ ਹੋਣਗੇ।

KC VAX VERIFIED

Public Health
Seattle & King County

- ਗਾਹਕ/ਸਹਾਇਕ ਦੁਆਰਾ ਧਮਕੀ ਦੇਣ ਜਾਂ ਹਿੰਸਕ ਹੋਣ ’ਤੇ
  - ਸਹਾਇਕ ਨੂੰ ਉੱਥੋ ਚਲੇ ਜਾਣ ਲਈ ਕਹੋ। ਨਾ ਲੜੋ ਅਤੇ ਨਾ ਹੀ ਧਮਕੀ ਦਿਓ। ਕਿਸੇ ਅਜਿਹੇ ਵਿਅਕਤੀ ਜੋ ਧਮਕੀ ਦਿੰਦਾ ਹੈ ਨਾਲ ਨਜਿੱਠਣ ਲਈ ਹੋਰ ਸੁਝਾਅ Crisis Prevention Institute (ਸੰਕਟ ਰੋਕਥਾਮ ਸੰਸਥਾ) ਕੋਲ ਉਪਲੱਬਧ ਹਨ।
  - 911 ’ਤੇ ਕਾਲ ਕਰੋ ਅਤੇ King County ਨੂੰ 206-477-3977 ’ਤੇ ਰਿਪੋਰਟ ਕਰੋ। ਐਮਰਜੈਂਸੀ ਵਾਹਕਾਂ ਨੂੰ ਸਿਰਫ ਤਾਂ ਹੀ ਬੁਲਾਇਆ ਜਾਣਾ ਚਾਹੀਦਾ ਹੈ ਜੇ ਕੋਈ ਸਹਾਇਕ ਧਮਕੀ ਦਿੰਦਾ ਹੈ ਜਾਂ ਹਿੰਸਕ ਹੋ ਜਾਵੇ ਨਾ ਕਿ ਟੀਕੇ ਦੀ ਤਸਦੀਕੀਕਰਣ ਨੀਤੀ ਨੂੰ ਨਿਯਮਿਤ ਰੂਪ ਵਿੱਚ ਲਾਗੂਕਰਨ ਲਈ।

- ਵਿਅਕਤੀਗਤ ਤੌਰ ’ਤੇ ਘਰ ਵਿੱਚ ਰੈਪਿਡ ਕੋਵਿਡ ਟੈਸਟ ਕਰਨ ’ਤੇ
  - ਇਸ ਆਦੇਸ਼ ਅਧੀਨ ਘਰੇਲੂ ਟੈਸਟ ਮੰਨੇ ਨਹੀਂ ਜਾਂਦੇ ਹਨ। ਟੈਸਟ ਸਥਾਨਾਂ 'ਤੇ ਮੁਹੱਈਆ ਕਰਵਾਏ ਗਏ ਰੈਪਿਡ ਟੈਸਟ ਜਾਂ ਮੈਡੀਕਲ ਪੇਸ਼ੇਵਰ ਦੁਆਰਾ PCR ਟੈਸਟ ਹੀ ਹੋਣੇ ਚਾਹੀਦੇ ਹਨ।
  - ਇਹਨਾਂ ਵਿਅਕਤੀਆਂ ਲਈ ਬਾਹਰਲੇ ਵਿਕਲਪ ਪੇਸ਼ ਕੀਤੇ ਜਾ ਸਕਦੇ ਹਨ।

- ਜਿਸ ਵਿਅਕਤੀ ਕੋਲ ਟੀਕਾਕਰਣ ਦਾ ਸਬੂਤ ਨਹੀਂ ਹੁੰਦਾ ਅਤੇ ਨਾ ਹੀ ਉਹ ਕੋਈ ਨਕਾਰਾਤਮਕ ਕੋਵਿਡ-19 ਟੈਸਟ ਦਿਖਾਉਂਦੇ ਹਨ, ਪਰ ਉਹ ਘਰ ਦੇ ਅੰਦਰ ਮਾਸਕ ਪਾਉਣ ਦਾ ਵਾਅਦਾ ਕਰਦੇ ਹਨ
  - ਘਰ ਵਿੱਚ ਮਾਸਕ ਪਾਉਣਾ ਜਰੂਰੀ ਨਹੀਂ ਹੈ। ਕਾਰੋਬਾਰ ਇਸ ਸਹਾਇਕ ਲਈ ਵਾਜਬ ਵਿਕਲਪ ਪੇਸ਼ ਕਰ ਸਕਦੇ ਹਨ ਜਿਵੇਂ ਬਾਹਰ ਸੇਵਾ ਦੇਣੀ ਜਾਂ ਉਨ੍ਹਾਂ ਨੂੰ ਸਮਾਨ ਲੈਕੇ ਜਾਣ ਲਈ ਕਹਿ ਸਕਦੇ ਹਨ।

- ਤਾਂ ਕੀ ਜੇ ਵਿਅਕਤੀ ਕਹਿੰਦਾ ਹੈ ਕਿ ਉਹਨਾਂ ਨੂੰ ਟੀਕੇ ਦੀ ਤਸਦੀਕੀਕਰਣ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਉਹ ਕੁਝ ਵੀ ਖਾਣ ਜਾਂ ਪੀਣ ਦੀ ਯੋਜਨਾ ਨਹੀਂ ਬਣਾ ਰਹੇ।
    - ਇਹ ਆਦੇਸ਼ 12 ਸਾਲ ਅਤੇ ਇਸਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਤੇ ਕਵਰ ਕੀਤੀਆਂ ਸੰਸਥਾਵਾਂ ਅਤੇ ਜਨਤਕ ਸਮਾਗਮਾਂ ਲਈ ਲਾਗੂ ਹੁੰਦਾ ਹੈ। ਇਸ ਵਿਅਕਤੀ ਨੂੰ ਟੀਕਾ ਤਸਦੀਕੀਕਰਣ, ਇੱਕ ਨਕਾਰਾਤਮਕ ਕੋਵਿਡ-19 ਟੈਸਟ ਜਾਂ ਬਾਹਰੀ ਵਿਕਲਪ ਪ੍ਰਦਾਨ ਕਰਨ ਦੀ ਜ਼ਰੂਰਤ ਹੋਏਗੀ

- ਕਾਰੋਬਾਰ ਨੂੰ ਸ਼ੱਕ ਹੈ ਕਿ ਗਾਹਕ ਨਕਲੀ ਟੀਕਾ ਤਸਦੀਕੀਕਰਣ ਜਾਂ ਕੋਵਿਡ-19 ਟੈਸਟ ਪ੍ਰਦਾਨ ਕਰ ਰਿਹਾ ਹੈ।
    - ਇਹ ਇੱਕ ਵਿਸ਼ਵਾਸ-ਅਧਾਰਤ ਆਦੇਸ਼ ਹੈ। ਕਾਰੋਬਾਰਾਂ ਨੂੰ ਆਪਣੀ ਸਰਬੋਤਮ ਸਮਰੱਥਾ ਨੂੰ ਬਣਾਈ ਰੱਖਣਾ ਚਾਹੀਦਾ ਹੈ ਅਤੇ ਕਿਸੇ ਵਿਵਾਦ ਵਿੱਚ ਨਹੀਂ ਉਲਝਣਾ ਚਾਹੀਦਾ।

- ਦੁਬਾਰਾ ਆਇਆ ਗਾਹਕ ਜਿਸਨੇ ਪਹਿਲਾਂ ਕਿਸੇ ਮੌਕੇ ਤੇ ਟੀਕਾਕਰਣ ਦੇ ਰਿਕਾਰਡ ਦਿਖਾਏ ਹਨ ਅਤੇ ਉਹ ਪੁੱਛਦਾ ਹੈ ਕਿ ਕੀ ਉਹਨਾਂ ਨੂੰ ਸੱਚਮੁੱਚ ਹਰ ਵਾਰ ਤਸਦੀਕੀਕਰਣ ਦਿਖਾਉਣ ਦੀ ਜ਼ਰੂਰਤ ਹੈ।
    - ਗਾਹਕ/ਸਹਾਇਕ ਨੂੰ ਹਰ ਵਾਰ ਆਉਣ ’ਤੇ ਟੀਕਾ ਤਸਦੀਕੀਕਰਣ ਜਾਂ ਇੱਕ ਨਕਾਰਾਤਮਕ ਕੋਵਿਡ-19 ਟੈਸਟ ਪ੍ਰਦਾਨ ਕਰਨਾ ਚਾਹੀਦਾ ਹੈ।



# ਸੰਕੇਤਕ

*ਚਿੰਨ੍ਹ ਸਿਰਫ ਅੰਗਰੇਜ਼ੀ ਵਿੱਚ ਹਨ ਜੋ ਇੱਥੇ ਮਿਲ ਸਕਦੇ ਹਨ:*

- *8x11 ਸੰਕੇਤ*
- *11x17 ਸੰਕੇਤ*



# ਸਰੋਤਾਂ ਤੱਕ ਪਹੁੰਚ

- [ਦਫ਼ਤਰੀ King County Health Order]
- [ਕਿੰਗ King County Public Health (ਕਾਉਂਟੀ ਜਨਤਕ ਸਿਹਤ) ਅਕਸਰ ਪੁੱਛੇ ਜਾਂਦੇਸਵਾਲ]
- Seattle Metro Chamber (ਸਿਆਟਲ ਮੈਟਰੋ ਚੈਂਬਰ) - ਕਾਰੋਬਾਰ ਦੇ ਸਰੋਤ
  - [KCVaxVerified.com]
- ਸਿਰਫ ਅੰਗਰੇਜ਼ੀ ਵਿੱਚ ਕਾਰੋਬਾਰ ਸੰਕੇਤਕ
  - [8x11 ਸੰਕੇਤਕ]
  - [11x17 ਸੰਕੇਤ]
- ਕਰਮਚਾਰੀ ਸਿਖਲਾਈ ਮਾਰਗਦਰਸ਼ਨ
- ਸੀਮਤ ਅੰਗਰੇਜੀ ਮੁਹਾਰਤ ਵਾਲੀਆਂ ਸਰੋਤ ਲਾਈਨਾਂ
  - ਅਮਹਾਰੀਕ: 206-825-4240
  - ਅਰਬੀ: 206-486-2669
  - ਕੋਰੀਆਈ: 425-776-2400
  - ਸੋਮਾਲੀ 253-317-3251
  - ਸਪੈਨਿਸ਼: 888-502-9597
  - ਟਈਗਰਿਨਿਆ: 206-486-2669
  - ਮੈਂਡਰਿਨ ਅਤੇ ਕੈਂਟੋਨੀਜ਼ ਜਾਣਕਾਰੀ ਕੇਂਦਰ
    - 55 ਸਾਲ ਤੋਂ ਵੱਧ ਉਮਰ ਦੇ ਲੋਕ: 206-816-4991
    - 55 ਸਾਲ ਤੋਂ ਘੱਟ ਉਮਰ ਦੇ ਲੋਕ: 206-330-4627



# ਅਕਸਰ ਪੁੱਛੇ ਜਾਣ ਵਾਲੇ ਸਵਾਲ

ਮੁਲਾਕਾਤ: kcvaxverified.com/faq